ਵਿਸ਼ਾ : ਸਵਾਗਤ ਜ਼ਿੰਦਗੀ

ਹੇਠ ਦਿੱਤੇ ਪ੍ਰਸ਼ਨਾਂ ਲਈ ਸਹੀ ਵਿਕਲਪ ਚੁਣੋ :

1. ਕੀਟਾਣੂ ਕਿੱਥੇ ਰਹਿੰਦੇ ਹਨ ?

ੳ) ਹਵਾ ਵਿੱਚ ਅ) ਪਾਣੀ ਵਿੱਚ ੲ) ਮਿੱਟੀ ਵਿੱਚ ਸ) ਹਰ ਥਾਂ

2. ਕੀਟਾਣੂਆਂ ਤੋਂ ਬਚਣ ਲਈ ਕੀ ਕਰਨਾ ਚਾਹੀਦਾ ਹੈ?

ੳ) ਬਾਹਰ ਨਹੀਂ ਜਾਣਾ ਚਾਹੀਦਾ। ਅ) ਰੁਮਾਲ ਦੀ ਵਰਤੋਂ ਕਰਨੀ ਚਾਹੀਦੀ ਹੈ।

ੲ) ਖੇਡਣਾ ਨਹੀਂ ਚਾਹੀਦਾ। ਸ) ਸਫ਼ਾਈ ਰੱਖਣੀ ਚਾਹੀਦੀ ਹੈ ।

3. ਹਵਾ ਪ੍ਰਦੂਸ਼ਣ ਤੋਂ ਬਚਣ ਲਈ ਕਿਸ ਵਾਹਨ ਦੀ ਵਰਤੋਂ ਕਰਨੀ ਚਾਹੀਦੀ ਹੈ ?

ੳ)  ਅ)  ੲ)  ਸ) 

4. ਪ੍ਰੀਤੀ ਨੂੰ ਸਾਰੇ ਸਿਆਣੀ ਪ੍ਰੀਤੀ ਕਿਉਂ ਕਹਿੰਦੇ ਹਨ ?

ੳ) ਉਹ ਰੋਜ਼ ਬੁਰਸ਼ ਨਾਲ ਦੰਦ ਸਾਫ਼ ਕਰਦੀ ਹੈ।

ਅ) ਉਹ ਹੱਥ ਧੋ ਕੇ ਖਾਣਾ ਖਾਂਦੀ ਹੈ।

ੲ) ਉਹ ਸਾਫ਼- ਸੁਥਰੀ ਰਹਿੰਦੀ ਹੈ।

ਸ) ਉਪਰੋਕਤ ਸਾਰੇ।

5. ਸਾਨੂੰ ਹੱਥ ਕਦੋਂ ਧੋਣੇ ਚਾਹੀਦੇ ਹਨ?

ੳ) ਪਖ਼ਾਨਾ ਜਾਣ ਤੋਂ ਬਾਅਦ । ਅ) ਕੱਚੇ ਭੋਜਣ ਨੂੰ ਛਹੂਣ ਤੋਂ ਬਾਅਦ

ੲ) ਖਾਣ ਤੋਂ ਪਹਿਲਾਂ ਸ) ਉਪਰੋਕਤ ਸਾਰੇ

6. ਕਿਹੜੀ ਤਸਵੀਰ ਬੱਚੇ ਦੀ ਸਫ਼ਾਈ ਪ੍ਰਤੀ ਸਮਝ ਨਹੀਂ ਦਰਸਾ ਰਹੀ ?

ੳ)  ਅ)  ੲ)  ਸ) 

7. ਕਿਸ ਤਰ੍ਹਾਂ ਦਾ ਬੱਚਾ ਛੇਤੀ ਬਿਮਾਰ ਪੈ ਸਕਦਾ ਹੈ ?

ੳ) ਰੋਜ਼ ਨਹਾਉਣ ਵਾਲਾ।

ਅ) ਸਫ਼ਾਈ ਨਾ ਰੱਖਣ ਵਾਲਾ।

ੲ) ਦੰਦ ਸਾਫ਼ ਰੱਖਣ ਵਾਲਾ।

ਸ) ਸਹੀ ਤਰ੍ਹਾਂ ਹੱਥ ਧੋਣ ਵਾਲਾ।

8. ਇਸ ਮਾਟੋ ਦਾ ਕੀ ਅਰਥ ਹੈ ?



ੳ) ਵਿੱਦਿਆ ਕੋਲ਼ ਇੱਕ ਗਹਿਣਾ ਹੈ।

ਅ) ਅਨਮੋਲ ਕੋਲ਼ ਇੱਕ ਗਹਿਣਾ ਹੈ।

ੲ) ਵਿੱਦਿਆ ਪੜ੍ਹਨ ਨਾਲ ਗਹਿਣੇ ਮਿਲਦੇ ਹਨ।

ਸ) ਵਿੱਦਿਆ ਅਨਮੋਲ ਗਹਿਣਾ ਹੈ।

9. ਜਮਾਤ ਦਾ ਕਮਰਾ ਕਿਸ ਨੂੰ ਸਾਫ਼ ਕਰਨਾ ਚਾਹੀਦਾ ਹੈ।

ੳ) ਅਧਿਆਪਕ ਨੂੰ ਅ) ਕੁੜੀਆਂ ਨੂੰ

ੲ) ਮੁੰਡਿਆਂ ਨੂੰ ਸ) ਬੱਚਿਆਂ ਨੂੰ ਮਿਲਜੁਲ਼ ਕੇ

10. ਭਾਈਚਾਰਕ ਸਾਂਝ ਲਈ ਸਹੀ ਤਸਵੀਰ ਚੁਣੋ।



11. ਨਿਮਨ ਤਸਵੀਰ ਵਿੱਚ ਬੱਚੇ ਮਿਲ਼-ਜੁਲ਼ ਕੇ ਜਮਾਤ ਦੇ ਕਮਰੇ ਦੀ ਸਫ਼ਾਈ ਕਰ ਰਹੇ ਹਨ। ਇਹ ਬੱਚਿਆਂ ਦੇ ਕਿਸ ਗੁਣ ਨੂੰ ਦਰਸਾਉਂਦਾ ਹੈ?



ੳ) ਭਾਈਚਾਰਕ ਸਾਂਝ ਅ) ਇਮਾਨਦਾਰੀ ੲ) ਚੁਸਤੀ ਸ)ਬੁੱਧੀਮਾਨੀ

12. ਗੁਰਲੀਨ ਦੇ ਸਹਿਪਾਠੀ ਸ਼ਿਵਮ ਕੋਲ਼ ਪੋਸਟਰ ਬਣਾਉਣ ਲਈ ਰੰਗ ਨਹੀਂ ਹਨ।ਇਸ ਸਥਿਤੀ ਵਿੱਚ ਗੁਰਲੀਨ ਨੂੰ ਕੀ ਕਰਨਾ ਚਾਹੀਦਾ ਹੈ ?

ੳ) ਸ਼ਿਵਮ ਦਾ ਮਜ਼ਾਕ ਉਡਾਉਣਾ ਚਾਹੀਦਾ ਹੈ।

ਅ) ਉਸ ਵੱਲ ਧਿਆਨ ਨਹੀਂ ਦੇਣਾ ਚਾਹੀਦਾ।

ੲ) ਆਪਣੇ ਰੰਗ ਉਸ ਨਾਲ ਸਾਂਝੇ ਕਰਨੇ ਚਾਹੀਦੇ ਹਨ।

ਸ) ਅਧਿਆਪਕ ਨੂੰ ਸ਼ਿਕਾਇਤ ਕਰਨੀ ਚਾਹੀਦੀ ਹੈ।

13. ਸ਼ਰਨ ਅਤੇ ਸ਼ੀਨੂ ਨੇ ਨਸ਼ਿਆਂ ਸੰਬੰਧੀ ਸੁੰਧਰ ਚਾਰਟ ਤਿਆਰ ਕੀਤਾ ਹੈ । ਅਧਿਆਪਕ ਨੇ ਉਹਨਾਂ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਕਿ ਰਲ਼-ਮਿਲ਼ ਕੇ ਕੰਮ ਕਰਨਾ ਚੰਗੀ ਆਦਤ ਹੈ ਕਿਉਂ ਕਿ …………

ੳ) ਰਲ਼ ਕੇ ਕੰਮ ਕਰਨ ਨਾਲ ਕੰਮ ਜਲਦੀ ਹੋ ਜਾਂਦਾ ਹੈ।

ਅ) ਰਲ਼ ਕੇ ਕੰਮ ਕਰਨ ਨਾਲ ਖ਼ੁਸ਼ੀ ਪ੍ਰਾਪਤ ਹੁੰਦੀ ਹੈ।

ੲ) ਭਾਈਚਾਰਕ ਸਾਂਝ ਦਾ ਗੁਣ ਵਿਕਸਿਤ ਹੁੰਦਾ ਹੈ।

ਸ) ਉਪਰੋਕਤ ਸਾਰੇ

14. ਇਹ ਪੋਸਟਰ ਕਿਸ ਸਬੰਧੀ ਹੈ ?



ੳ)ਨਸ਼ਿਆਂ ਸਬੰਧੀ ਅ) ਸਵੱਛਤਾ ਸਬੰਧੀ ੲ)ਰੁੱਖਾਂ ਸਬੰਧੀ ਸ) ਦਾਖ਼ਲੇ ਸਬੰਧੀ

15. ਜ਼ਿੰਮੇਵਾਰੀ ਨਾਲ ਸੰਬੰਧਤ ਕਿਹੜਾ ਕਥਨ ਸਹੀ ਹੈ ?

ੳ) ਸਕੂਲ ਸਮੇਂ ਸਿਰ ਜਾਣਾ। ਅ) ਸਵੇਰ ਦੀ ਸਭਾ ਤੋਂ ਬਾਅਦ ਜਾਣਾ।

ੲ) ਸਕੂਲ ਦੇਰੀ ਨਾਲ ਜਾਣਾ। ਸ) ਉਪਰੋਕਤ ਕੋਈ ਨਹੀਂ।

16. ਅਧਿਆਪਕ ਨੇ ਬੱਚਿਆਂ ਨੂੰ ਘਰ ਦੇ ਕੰਮ ਵਿੱਚ ਪਾਠ ਯਾਦ ਕਰਕੇ ਆਉਣ ਲਈ ਕਿਹਾ।ਬੱਚਿਆਂ ਨੂੰ ਕੀ ਕਰਨਾ ਚਾਹੀਦਾ ਹੈ?

ੳ) ਅਧੂਰਾ ਪਾਠ ਯਾਦ ਕਰਕੇ ਆਉਣਾ ਚਾਹੀਦਾ ਹੈ।

ਅ) ਪਾਠ ਯਾਦ ਕਰਕੇ ਆਉਣਾ ਚਾਹੀਦਾ ਹੈ।

ੲ) ਪਾਠ ਯਾਦ ਨਹੀਂ ਕਰਨਾ ਚਾਹੀਦਾ ਹੈ।

ੲ) ਪਾਠ ਯਾਦ ਨਾ ਹੋਣ ‘ਤੇ ਬਹਾਨੇ ਬਣਾਉਣੇ ਚਾਹੀਦੇ ਹਨ।

17. ਮਨੰਤ ਸਵੇਰੇ ਸਮੇਂ ਸਿਰ ਉੱਠ ਕੇ ਸਾਰੇ ਕੰਮ ਕਰਦੀ ਹੈ। ਇਹ ਕਥਨ ਕੀ ਦਰਸਾ ਰਿਹਾ ਹੈ?

ੳ) ਮਨੰਤ ਜ਼ਿੰਮੇਵਾਰ ਨਹੀਂ ਹੈ। ਅ) ਮਨੰਤ ਜ਼ਿੰਮੇਵਾਰ ਹੈ।

ੲ) ਮਨੰਤ ਆਲਸੀ ਹੈ।　　　　　　　ਸ) ਉਪਰੋਕਤ ਕੋਈ ਨਹੀਂ।

18. ਮੰਮੀ ਜੀ ਨੇ ਮਨਪ੍ਰੀਤ ਨੂੰ ਭੋਜਨ ਕਰਨ ਤੋਂ ਬਾਅਦ ਬਰਤਨ ਰਸੋਈ ਵਿੱਚ ਰੱਖਣ ਲਈ ਕਿਹਾ।ਉਸਨੂੰ ਕੀ ਕਰਨਾ ਚਾਹੀਦਾ ਹੈ?

ੳ) ਬਰਤਨ ਰਸੋਈ ਵਿੱਚ ਰੱਖ ਦੇਣੇ ਚਾਹੀਦੇ ਹਨ।

ਅ) ਮੰਮੀ ਜੀ ਦੀ ਗੱਲ ਨਹੀਂ ਮੰਨਣੀ ਚਾਹੀਦੀ।

ੲ) ਗੁੱਸਾ ਕਰਨਾ ਚਾਹੀਦਾ ਹੈ।

ਸ) ਮੰਮੀ ਜੀ ਦੀ ਗੱਲ ਵੱਲ ਧਿਆਨ ਨਹੀਂ ਦੇਣਾ ਚਾਹੀਦਾ।

19. ਜ਼ਿੰਮੇਵਾਰ ਬਣਨ ਲਈ ਹੇਠ ਲਿਖਿਆਂ ਵਿੱਚੋ ਕੀ ਨਹੀਂ ਕਰਨਾ ਚਾਹੀਦਾ?

ੳ) ਸਰੀਰ ਦੀ ਸਫ਼ਾਈ।　　　　　ਅ) ਰੋਜ਼ ਨਹਾਉਣਾ।

ੲ) ਵਾਲ਼ਾ ਦੀ ਸਫ਼ਾਈ।　　　　　ਸ) ਗੰਦੇ ਕੱਪੜੇ ਪਹਿਣਨਾ

20. ਹੇਠ ਦਿੱਤਿਆਂ ਵਿੱਚੋਂ ਕੀ ਕਰਨਾ ਗ਼ਲਤ ਹੈ?

ੳ) ਘਰ ਦੀ ਸਫ਼ਾਈ ਰੱਖਣਾ।　　　　ਅ) ਨਿੱਜੀ ਸਫ਼ਾਈ ਰੱਖਣਾ।

ੲ) ਜਮਾਤ ਦਾ ਕਮਰਾ ਸਾਫ਼ ਰੱਖਣਾ।　ਸ) ਵੱਡਿਆਂ ਦਾ ਕਹਿਣਾ ਨਾ ਮੰਨਣਾ।

21. ਜ਼ਿੰਮੇਵਾਰ ਬਣਨ ਲਈ ਹੇਠ ਲਿਖਿਆ ਵਿੱਚੋ ਕੀ ਕਰਨਾ ਚਾਹੀਦਾ ਹੈ?

ੳ) ਵੱਡਿਆਂ ਦਾ ਕਹਿਣਾ ਮੰਨਣਾ ਚਾਹੀਦਾ ਹੈ।

ਅ) ਘਰ ਦੀ ਸਫ਼ਾਈ ਰੱਖਣੀ ਚਾਹੀਦੀ ਹੈ।

ੲ) ਹਰ ਕੰਮ ਮਿਹਨਤ ਨਾਲ ਕਰਨਾ ਚਾਹੀਦਾ ਹੈ।

ਸ) ਉਪਰੋਕਤ ਸਾਰੇ।

22. ਘਰ ਪ੍ਰਤੀ ਸਾਡੀ ਕੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ?

ੳ) ਘਰ ਸਾਫ਼ ਰੱਖਣਾ।

ਅ) ਚੀਜ਼ਾਂ ਥਾਂ ਸਿਰ ਰੱਖਣਾ।

ੲ) ਲੋੜ ਅਨੁਸਾਰ ਪਾਣੀ ਦੀ ਵਰਤੋਂ ਕਰਨਾ।

ਸ) ਉਪਰੋਕਤ ਸਾਰੇ।

23) ਪੰਜਾਬੀਆਂ ਦਾ ਸੁਭਾਅ ਕਿਹੋ ਜਿਹਾ ਹੈ?

ੳ) ਖ਼ੁਸ਼- ਮਿਜ਼ਾਜ਼ ਅ) ਚਿੜਚਿੜਾ

ੲ) ਰੁੱਖਾ ਸ) ਗੁੱਸੇ ਵਾਲ਼ਾ

24) ਪੰਜਵੀਂ ਜਮਾਤ ਵਿੱਚ ਭਾਰਤੀ ਨਾਂ ਦੀ ਕੁੜੀ ਦਾ ਨਵਾਂ ਦਾਖਲਾ ਹੋਇਆ ਹੈ ਜੋ ਕਿ ਪੰਜਾਬੀ ਨਹੀਂ ਸਮਝਦੀ ।ਜਮਾਤ ਦੇ ਵਿਦਿਆਰਥੀਆਂ ਨੂੰ ............ ।

ੳ) ਉਸ ਦਾ ਮਜ਼ਾਕ ਉਡਾਓਣਾ ਚਾਹੀਦਾ ਹੈ।

ਅ) ਉਸ ਨਾਲ ਦੋਸਤੀ ਨਹੀਂ ਕਰਨੀ ਚਾਹੀਦੀ।

ੲ) ਉਸਦੀ ਭਾਸ਼ਾ ਸਿੱਖਣੀ ਚਾਹੀਦੀ ਹੈ ਅਤੇ ਉਸ ਨੂੰ ਆਪਣੀ ਭਾਸ਼ਾ ਸਿਖਾਉਣੀ ਚਾਹੀਦੀ ਹੈ।

ਸ) ਉਸਦੀ ਪੜ੍ਹਾਈ ਵਿੱਚ ਮਦਦ ਨਹੀਂ ਕਰਨੀ ਚਾਹੀਦੀ।

25.) ਪੰਜਾਬੀਆਂ ੇ ਦਾ ਮੁੱਖ ਕਿੱਤਾ ਕਿਹੜਾ ਹੈ?

ੳ) ਪਸ਼ੂ ਪਾਲਣ ੈ।

ਅ) ਖੇਤੀਬਾੜੀ ।

ੲ)  ਪਸ਼ੂ ਪਾਲਣ ਅਤੇ ਖੇਤੀਬਾੜੀ।

ਸ) ਉਪਰੋਕਤ ਵਿੱਚੋਂ ਕੋਈ ਨਹੀਂ।

26.) ਇਹ ਤਸਵੀਰ ਕਿਸਦੀ ਹੈ ?




ੳ) ਅਨੀਤਾ ਦੇਸਾਈ ਅ) ਸ਼ੋਭਾ ਡੇ

ੲ) ਅੰਮ੍ਰਿਤਾ ਪ੍ਰੀਤਮ ਸ) ਅਰੁਣਧਤੀ ਰਾਏ

27. 200/- ਦੇ ਨੋਟ ਉੱਪਰ ਕਿੰਨੀਆਂ ਭਾਸ਼ਾ ਵਿੱਚ ਦੋ ਸੌ ਰੁਪਏ ਲਿਖਿਆ ਹੈ?

ੳ) 13 ਅ) 15 ੲ) 17 ਸ) 19




28. ਸਤਿੰਦਰ ਸਰਤਾਜ ਦੇ ਗੀਤ _ "ਮੈਂ ਗੁਰਮੁਖੀ ਦਾ ਬੇਟਾ.... " ਵਿੱਚ ਕਿਸ ਭਾਸ਼ਾ ਦੀ

ਗੱਲ ਕੀਤੀ ਗਈ ਹੈ?

ੳ) ਹਿੰਦੀ ਅ) ਅੰਗਰੇਜ਼ੀ ੲ) ਬੰਗਾਲੀ ਸ) ਪੰਜਾਬੀ

29. ਪੰਜਾਬਵਿੱਚ ਹੁਣ ਕਿਹੜੇ ਦਰਿਆ ਪਾਕਿਸਤਾਨ ਵਗਦੇ ਹਨ ?

ੳ) ਸਤਲੁਜ, ਰਾਵੀ ਅ) ਰਾਵੀ, ਜਿਹਲਮ

ੲ) ਸਤਲੁਜ, ਬਿਆਸ, ਰਾਵੀ  ਸ) ਚਨਾਬ, ਜਿਹਲਮ

30. ਚਿੱਤਰ ਵਿੱਚ ਕਿਸਨੂੰ ਕਦੇ ਨਾ ਭੁਲਾਉਣ ਬਾਰੇ ਕਿਹਾ ਹੈ?




ੳ) ਮਾਂ  ਅ) ਕਵਿਤਾ  ੲ) ਮਾਂ-ਬੋਲੀ  ਸ) ਦੁਆਵਾਂ

31. ਤੁਸੀਂ ਆਪਣੇ ਮਾਤਾ-ਪਿਤਾ ਨੂੰ ਬਜ਼ਾਰ ਤੋਂ ਸਬਜ਼ੀਆਂ ਲਿਆਉਣ ਲਈ ਕਿਸ ਦੀ ਵਰਤੋਂ ਲਈ ਮਨ੍ਹਾਂ ਕਰੋਗੇ ?

ੳ) ਪਲਾਸਟਿਕ ਦਾ ਲਿਫ਼ਾਫ਼ਾ          ਅ) ਕੱਪੜੇ ਦਾ ਝੋਲਾ

ੲ) ਜੂਟ ਦਾ ਥੈਲਾ          ਸ) ਦੋਨੋਂ ਅ ਅਤੇ ੲ

32. ਪਲਾਸਟਿਕ ਦੇ ਲਿਫ਼ਾਫ਼ੇ ਕਿਸ ਲਈ ਖ਼ਤਰਨਾਕ ਹੋ ਸਕਦੇ ਹਨ?

ੳ) ਜਾਨਵਰਾਂ ਲਈ।

ਅ) ਫ਼ਸਲਾਂ ਲਈ ।

ੲ) ਪਾਣੀ ਦੇ ਵਹਾਓ ਲਈ।

ਸ) ਉਪਰੋਕਤ ਸਾਰੇ।

33. ਪਲਾਸਟਿਕ ਦੀ ਵਰਤੋਂ ਦਾ ਕਿਨ੍ਹਾਂ ’ਤੇ ਮਾੜਾ ਪ੍ਰਭਾਵ ਪੈਂਦਾ ਹੈ ?

ੳ) ਹਵਾ          ਅ) ਪਾਣੀ          ੲ) ਮਿੱਟੀ          ਸ) ਉਪਰੋਕਤ ਸਾਰੇ

34. ਹੇਠਾਂ ਲਿਖੀ ਬੋਲੀ ਵਿੱਚ ਕੀ ਕਿਹਾ ਗਿਆ ਹੈ?

“ਸਾਫੇ ..ਸਾਫੇ ..ਸਾਫੇ
ਮਿੱਤਰੋ ਅਸੀਂ ਨਹੀਂ ਵਰਤਣੇ
ਮੋਮਜਾਮੇ ਦੇ ਲਿਫਾਫੇ ...”

ੳ) ਮਿੱਤਰਾਂ ਨਾਲ ਰਹਿਣ ਬਾਰੇ

ਅ) ਮੋਮਜਾਮੇ ਦੇ ਲਿਫ਼ਾਫ਼ੇ ਵਰਤਣ ਬਾਰ

ੲ) ਮੋਮਜਾਮੇ ਦੇ ਲਿਫ਼ਾਫ਼ੇ ਨਾ ਵਰਤਣ ਬਾਰੇ

ਸ) ਸਾਫ਼ੇ ਦੀ ਵਰਤੋਂ ਕਰਨ ਬਾਰੇ

35. ਪਲਾਸਟਿਕ ਦੇ ਲਿਫ਼ਾਫ਼ੇ ਨਦੀਆਂ ਵਿੱਚ ਸੁੱਟਣ ਨਾਲ਼ ਕੀ ਹੋਵੇਗਾ?

ੳ) ਪਾਣੀ ਦਾ ਪ੍ਰਦੂਸ਼ਣ ੈ।

ਅ) ਪਾਣੀ ਦੇ ਜੀਵ ਮਰ ਸਕਦੇ ਹਨ ।

ੲ) ਉਪਰੋਕਤ ਦੋਵੇਂ।

ਸ) ਉਪਰੋਕਤ ਵਿੱਚੋਂ ਕੋਈ ਨਹੀਂ।

36. ਪਿਕਨਿਕ ’ਤੇ ਜਾਣ ਸਮੇਂ ਤੁਸੀਂ ਕਿਨ੍ਹਾਂ ਗੱਲਾਂ ਦਾ ਧਿਆਨ ਰੱਖੋਗੇ ?

ੳ) ਪਾਣੀ ਦੀ ਬੋਤਲ ਘਰੋਂ ਲੈ ਕੇ ਜਾਵਾਂਗੇ।

ਅ) ਗਾਰਬੇਜ ਬੈਗ ਆਪਣੇ ਨਾਲ ਰੱਖੋਗੇ।

ੲ) ਉਪਰੋਕਤ ਦੋਵੇਂ।

ਸ) ਉਪਰੋਕਤ ਵਿੱਚੋਂ ਕੋਈ ਨਹੀਂ।

37. ਘਰ ਵਿੱਚ ਪੀਣ ਵਾਲੇ ਪਾਣੀ ਸਟੋਰ ਕਰਨ ਲਈ ਕਿਸ ਤਰ੍ਹਾਂ ਦੇ ਬਰਤਨ ਦੀ ਵਰਤੋਂ ਕਰਨਾ ਸਹੀ ਰਹੇਗਾ ?

ੳ)  ਅ)  ੲ)  ਸ) 

38. ਮਾਸਟਰ ਜੀ ਰੋਟੀ ਵਾਲ਼ਾ ਡੱਬਾ ਕਿਸ ਵਿੱਚ ਲਿਆਉਂਦੇ ਸਨ?

ੳ) ਕੱਪੜੇ ਦੇ ਬਣੇ ਥੈਲੇ ਵਿੱਚ

ਅ) ਪਲਾਸਟਿਕ ਦੇ ਲਿਫ਼ਾਫ਼ੇ ਵਿੱਚ

ੲ) ਪਲਾਸਟਿਕ ਦੇ ਥੈਲੇ ਵਿੱਚ

ਸ) ਜੂਟ ਦੇ ਥੈਲੇ ਵਿੱਚ

39. ਚਰਨਕੰਵਲ ਦੇ ਪਿਤਾ ਜੀ ਲੁਹਾਰ ਹਨ।ਉਹਨਾਂ ਨੂੰ ਆਪਣੇ ਕਿੱਤੇ ਲਈ ਕਿਹੜੀ ਮੂਲ ਸੱਮਗਰੀ ਦੀ ਲੋੜ ਪੈਂਦੀ ਹੈ ?

ੳ) ਸੋਨਾ    ਅ) ਲੋਹਾ    ੲ) ਲੱਕੜ    ਸ) ਚਮੜਾ

40. ਜਦੋਂ ਆਰੰਭ ਦਾ ਮਨੁੱਖ ਪੱਥਰ ਦੇ ਔਜ਼ਾਰ ਬਣਾ ਰਿਹਾ ਸੀ ਤਾਂ ਪੱਥਰਾਂ ਦੀ ਰਗੜ ਨਾਲ਼ ਅਚਾਨਕ ਚਿੰਗਾਰੀ ਨਿਕਲੀ।ਇਹ ਘਟਨਾ ਕਿਸਦੀ ਖੋਜ ਦਾ ਕਾਰਨ ਬਣੀ?

ੳ) ਪਹਿਆ    ਅ) ਗਹਿਣੇ    ੲ) ਕੱਪੜੇ    ਸ) ਅੱਗ

41. ਕਮਲਜੋਤ ਦੇ ਪਿਤਾ ਜੀ ਨੂੰ ਆਪਣੇ ਕੰਮ ਲਈ ਲੱਕੜ ਦੀ ਲੋੜ ਪੈਂਦੀ ਹੈ।ਉਸਦੇ ਪਿਤਾ ਜੀ ਕੀ ਕੰਮ ਕਰਦੇ ਹਨ?



ੳ) ਲੁਹਾਰ    ਅ) ਤਰਖਾਣ    ੲ) ਸੁਨਿਆਰ    ਸ) ਮੋਚੀ

42. ਦਰਸਾਈ ਗਈ ਤਸਵੀਰ ਵਿੱਚ ਮਨੁੱਖ ਕੀ ਬਣਾ ਰਿਹਾ ਹੈ?



ੳ) ਮਿੱਟੀ ਦੇ ਭਾਂਡੇ    ਅ) ਲੋਹੇ ਦੇ ਭਾਂਡੇ

ੲ) ਤਾਂਬੇ ਦੇ ਭਾਂਡੇ    ਸ) ਕਾਂਸੇ ਦੇ ਭਾਂਡੇ

43. ਆਰੰਭ ਦਾ ਮਨੁੱਖ ਕਿਸ ਤਰ੍ਹਾਂ ਦੇ ਕੱਪੜੇ ਪਹਿਨਦਾ ਸੀ ?

ੳ) ਰੇਸ਼ਮੀ ਅ) ਜਾਨਵਰਾਂ ਦੀ ਖੱਲ ਦੇ

ੲ) ਸੂਤੀ ਸ) ਊਨੀ

44. ਭਠਿਆਰਨ ਕੀ ਕੰਮ ਕਰਦੀ ਹੈ ?

ੳ) ਖੇਤੀ ਦਾ ਅ) ਦਾਣੇ ਭੁੰਨਣ ਦਾ

ੲ) ਭਾਂਡੇ ਬਣਾਉਣ ਦਾ ਸ) ਉਪਰੋਕਤ ਵਿੱਚੋਂ ਕੋਈ ਨਹੀਂ

45. ਆਰੰਭ ਦਾ ਮਨੁੱਖ ਕਿੱਥੇ ਰਹਿੰਦਾ ਸੀ?

ੳ) ਲੱਕੜ ਦੇ ਘਰਾਂ ਵਿੱਚ ਅ) ਇੱਟਾਂ ਦੇ ਘਰਾਂ ਵਿੱਚ

ੲ) ਜੰਗਲ ਵਿੱਚ ਸ) ਉਪਰੋਕਤ ਸਾਰੇ

46. ‘ਮਦਦ ਕਰੋ, ਚੰਗੇ ਬਣੋ’ ਕਹਾਣੀ ਵਿੱਚ ਛੋਟਾ ਬੇਟਾ ਕਿਸਦੀ ਮਦਦ ਕਰਦਾ ਹੈ?

ੳ) ਬੁੱਢਾ - ਬੁੱਢੀ ਦੀ ਅ) ਚਾਚਾ ਚਾਚੀ ਦੀ
ੲ) ਪਿਤਾ ਜੀ ਦੀ ਸ) ਬੱਚਿਆਂ ਦੀ

47. ਰਾਜੂ ਦੇ ਦਾਦਾ ਜੀ ਬਹੁਤ ਬਜ਼ੁਰਗ ਹਨ,ਰਾਜੂ ਉਹਨਾਂ ਦੀ ਮਦਦ ਕਿਵੇਂ ਕਰ ਸਕਦਾ ਹੈ?

ੳ) ਪਾਉਣ ਵਾਲੇ ਕੱਪੜੇ ਉਹਨਾਂ ਦੇ ਸਰਾਹਣੇ ਰੱਖ ਕੇ

ਅ) ਉਹਨਾਂ ਦੀ ਕੰਘੀ ਕਰ ਕੇ

ੲ) ਸਮੇਂ ‘ਤੇ ਪਾਣੀ ਦੇ ਕੇ

ਸ) ਉਪਰੋਕਤ ਸਾਰੇ

48. ਜੇਕਰ ਤੁਹਾਡੇ ਕਿਸੀ ਸਹਿਪਾਠੀ ਨੂੰ ਅਧਿਆਪਕ ਦੁਆਰਾ ਪੜ੍ਹਾਇਆ ਪਾਠ ਸਮਝ ਨਾ ਆਏ; ਤਾਂ ਤੁਸੀਂ ਉਸਦੀ ਕਿਵੇਂ ਮਦਦ ਕਰੋਗੇ ?

ੳ) ਅਧਿਆਪਕ ਨੂੰ ਸ਼ਿਕਾਇਤ ਕਰਕੇ

ਅ) ਉਸਦਾ ਮਖੌਲ ਉਡਾ ਕੇ

ੲ) ਉਸਦੀ ਪਾਠ ਨੂੰ ਸਮਝਣ ਵਿੱਚ ਸਹਾਇਤਾ ਕਰਕੇ

ਸ) ਉਸਨੂੰ ਬੁਰਾ ਭਲਾ ਕਹਿ ਕੇ

49. ਜੇਕਰ ਖੇਡ ਦੇ ਮੈਦਾਨ ਵਿੱਚ ਤੁਹਾਡੇ ਦੋਸਤ ਦਾ ਝਗੜਾ ਹੋ ਜਾਵੇ ਤਾਂ ਤੁਸੀਂ ਕੀ ਸਹਿਯੋਗ ਕਰੋਗੇ ?

ੳ) ਆਪਣੇ ਮਿੱਤਰ ਦਾ ਪੱਖ ਲੈ ਕੇ ਲੜੋਗੇ।

ਅ) ਡਰ ਕੇ ਉੱਥੋਂ ਭੱਜ ਜਾਵੋਗੇ।

ੲ) ਭੱਜ ਕੇ ਕਿਸੇ ਸਿਆਣੇ ਨੂੰ ਬੁਲਾ ਲਿਆਓਗੇ।

ਸ) ਲੜਾਈ ਕਰਨ ਵਾਲਿਆਂ ਨੂੰ ਹੋਰ ਉਕਸਾਓਗੇ।

5. ਹੇਠਾਂ ਬਣੀਆਂ ਤਸਵੀਰਾਂ ਵਿੱਚੋਂ ਕਿਹੜੀ ਤਸਵੀਰ ਸਹਿਯੋਗ ਦੀ ਭਾਵਨਾ ਦਰਸਾ ਰਹੀ ਹੈ ?

ੳ)  ਅ)  ੲ)  ਸ) 

51. ਕਹਾਣੀ ਅਨੁਸਾਰ ਵੱਡਾ ਬੇਟਾ ਪਿਤਾ ਜੀ ਨੂੰ ਖ਼ੁਸ਼ ਕਰਨ ਲਈ ਕੀ ਕਰਦਾ ਹੈ ?

ੳ) ਸਸਤਾ ਸਮਾਨ ਮਹਿੰਗਾ ਵੇਚਦਾ ਹੈ।

ਅ) ਮੁਫ਼ਤ ਵਿੱਚ ਸਮਾਨ ਦਿੰਦਾ ਹੈ।

ੲ) ਜਿੰਨੇ ਦਾ ਸਮਾਨ ਖਰੀਦਦਾ ਹੈ; ਉੱਨੇ ਦਾ ਹੀ ਵੰਡ ਦਿੰਦਾ ਹੈ।

ਸ) ਉਪਰੋਕਤ ਵਿੱਚੋਂ ਕੋਈ ਨਹੀਂ।

52. ਪਾਠ ਅਨੁਸਾਰ ਅਧਿਆਪਕ ਜੀ ਨੇ ਦੋਨਾਂ ਕੁੜੀਆਂ ਨੂੰ ਕੀ ਦੇ ਕੇ ਮਦਦ ਕੀਤੀ ?

ੳ) ਪੈੱਨ ਅ) ਕੋਟੀ ੲ) ਜੁਰਾਬਾਂ ਸ) ਕਾਪੀਆਂ

53. ਕਿਹੜੀ ਆਦਤ ਆਪਸੀ ਸਹਿਯੋਗ ਨਹੀਂ ਦਰਸ਼ਾ ਰਹੀ।

ੳ) ਦੂਸਰੇ ਦੇ ਸਮਾਨ ਦੀ ਦੁਰਵਰਤੋਂ ਅ) ਕਿਸੇ ਨੂੰ ਆਪਣੀ ਪੈਂਸਲ ਦੇਣਾ

ੲ) ਭੁੱਖੇ ਨੂੰ ਭੋਜਨ ਦੇਣਾ ਸ) ਲੋੜਵੰਦ ਦੀ ਮਦਦ ਕਰਨਾ

54. ਕਹਾਣੀ ਅਨੁਸਾਰ ਪਿਤਾ ਜੀ ਨੇ ਛੋਟੇ ਬੇਟੇ ਨੂੰ ਸ਼ਾਬਾਸ਼ ਦਿੱਤੀ ਕਿਉਂ ਕਿ

ਉਸਨੇ ................................. ।

ੳ) ਕਿਸੇ ਦਾ ਸਹਿਯੋਗ ਕਰਕੇ ਚੰਗਾ ਕੰਮ ਕੀਤਾ ਸੀ।

ਅ) ਬੱਚਿਆਂ ਨੂੰ ਫੁੱਟਬਾਲ ਦਿੱਤਾ ਸੀ।

ੲ) ਗਰੀਬਾਂ ਨੂੰ ਕੰਬਲ ਵੰਡੇ ਸਨ।

ਸ) ਬੈਲਗੱਡੀ ਦਾ ਪਹਿਆ ਗੱਡੇ ਵਿਚੋਂ ਕੱਢਿਆ ਸੀ।

55. ਬੁੱਢਾ-ਬੁੱਢੀ ; ਕਿਸਾਨ ਦੇ ਛੋਟੇ ਬੇਟੇ ਤੋਂ ਖ਼ੁਸ਼ ਸਨ ਕਿਉਂ ਕਿ ਉਸਨੇ ............।

ੳ) ਬੇਟੇ ਸਮਾਨ ਉਹਨਾਂ ਦੀ ਸੇਵਾ ਕੀਤੀ ਸੀ।

ਅ) ਉਹਨਾਂ ਦੀ ਜ਼ਮੀਨ 'ਤੇ ਖੇਤੀ ਕੀਤੀ ਸੀ।

ੲ) ਦਾਣੇ ਕੱਢ ਕੇ ਉਹਨਾਂ ਦੇ ਘਰ ਸੁੱਟ ਦਿੱਤੇ ਸਨ।

ਸ) ਉਪਰੋਕਤ ਸਾਰੇ।

56. ਕੋਰੋਨਾ ਮਹਾਮਾਰੀ ਤੋਂ ਬਚਾਅ ਕਿਵੇਂ ਕੀਤਾ ਜਾ ਸਕਦਾ ਹੈ ?

ੳ) ਮਾਸਕ ਪਾ ਕੇ    ਅ) ਸਰੀਰਕ ਦੂਰੀ ਬਣਾ ਕੇ

ੲ) ਹੱਥਾਂ ਨੂੰ ਘੱਟੋ ਘੱਟ 20 ਸੈਕਿੰਡ ਧੋ ਕੇ    ਸ) ਉਪਰੋਕਤ ਸਾਰੇ

57. ਕੰਚਨ ਸ਼ਾਮ ਨੂੰ ਪਾਰਕ ਦੀ ਸੈਰ ਕਰਨ ਗਈ।ਉੱਥੇ ਉਸਨੂੰ ਕਿਸੇ ਅਜਨਬੀ ਦੀ ਛੋਹ ਮਾੜੀ ਲੱਗੀ।ਉਸਨੂੰ ਕੀ ਕਰਨਾ ਚਾਹੀਦਾ ਹੈ ?

ੳ) ਰੌਲ਼ਾ ਪਾਉਣਾ    ਅ) ਮਾਤਾ- ਪਿਤਾ ਨੂੰ ਦੱਸਣਾ

ੲ) ਉੱਥੋਂ ਭੱਜ ਜਾਣਾ ਚਾਹੀਦਾ ਹੈ    ਸ) ਉਪਰੋਕਤ ਸਾਰੇ

58. ਰਵੀ ਨੇ ਬਿਮਾਰੀਆਂ ਤੋਂ ਬਚਣ ਲਈ ਆਪਣੀ ਜੀਵਨਸ਼ੈਲੀ ਵਿੱਚ ਕੁੱਝ ਬਦਲਾਵ ਲਿਆਂਦੇ ਹਨ।ਇਹ ਬਦਲਾਵ ਕਿਹੜੇ ਹੋ ਸਕਦੇ ਹਨ ?

ੳ) ਚੰਗਾ ਭੋਜਨ ਖਾਣਾ    ਅ) ਰੋਜ਼ ਕਸਰਤ ਕਰਨਾ    ੲ) ਸਾਫ਼ -ਸਫ਼ਾਈ ਰੱਖਣਾ

ਸ) ਉਪਰੋਕਤ ਸਾਰੇ

59. ਅੱਜ ਕੱਲ੍ਹ ਲੜਕੀਆਂ ਨੂੰ ਵੀ ਸ੍ਵੈ-ਰੱਖਿਆ ਦਾ ਹੁਨਰ ਆਉਣਾ ਚਾਹੀਦਾ ਹੈ। ਸ੍ਵੈ-ਰੱਖਿਆ ਲਈ ਕਿਹੜਾ ਹੁਨਰ ਵਧੀਆ ਹੈ?

ੳ) ਗਤਕਾ    ਅ) ਕਰਾਟੇ    ੲ) ਤਲਵਾਰ ਬਾਜ਼ੀ    ਸ) ਉਪਰੋਕਤ ਸਾਰੇ

60. ਤਲਵਾਰ ਦੇ ਵਾਰ ਨੂੰ ਰੋਕਣ ਲਈ ਕਿਸ ਚੀਜ਼ ਦੀ ਵਰਤੋਂ ਕੀਤੀ ਜਾਂਦੀ ਹੈ ?

ੳ) ਡੰਡਾ    ਅ) ਤਲਵਾਰ    ੲ) ਢਾਲ    ਸ) ਉਪਰੋਕਤ ਸਾਰੇ

61.ਹੇਠ ਦਿੱਤੀ ਤਸਵੀਰ ਕਿਹੜੀ ਖੇਡ ਨੂੰ ਦਰਸਾਉਂਦੀ ਹ?



ੳ) ਗਤਕਾ ਅ) ਕਰਾਟੇ ੲ) ਤਲਵਾਰ ਬਾਜ਼ੀ ਸ) ਉਪਰੋਕਤ ਕੋਈ ਨਹੀਂ

62. ਜੇਕਰ ਤੁਹਾਨੂੰ ਕੋਈ ਸੱਮਸਿਆ ਹੋਵੇ ਤਾਂ ਤੁਸੀਂ ਕੀ ਕਰੋਗੇ ?

ੳ) ਸਭ ਨੂੰ ਪਰੇਸ਼ਾਨ ਕਰੋਗੇ। ਅ) ਉਸਦਾ ਹੱਲ ਲੱਭੋਗੇ।

ੲ) ਘਬਰਾ ਜਾਓਗੇ । ਸ) ਰੌਲ਼ਾ ਪਾਓਗੇ।

63. ਕਿਸੇ ਗੁੰਝਲ ਨੂੰ ਹੱਲ ਕਰਨ ਦਾ ਸਹੀ ਢੰਗ ਕਿਹੜਾ ਹੈ ?

ੳ) ਤਰਕ ਰਾਹੀਂ ਅ) ਦਲੀਲ ਰਾਹੀਂ

ੲ) ਵਿਚਾਰ ਚਰਚਾ ਰਾਹੀਂ ਸ) ਉਪਰੋਕਤ ਸਾਰੇ

64. ਛੂਤ ਦੀ ਬੀਮਾਰੀ ਦੇ ਲੱਛਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ; ਮਰੀਜ਼ ਦੀ ਦੇਖਭਾਲ ਕਰਨ ਵਾਲੇ ਨੂੰ ਕਿਹੜੀਆਂ ਸਾਵਧਾਨੀਆਂ ਵਰਤਨੀਆਂ ਚਾਹੀਦੀਆਂ ਹਨ ?

ੳ) ਮੂੰਹ 'ਤੇ ਮਾਸਕ ਦੀ ਵਰਤੋਂ ਅ) ਮਰੀਜ਼ ਦੇ ਲਈ ਸਾਫ਼ ਕੱਪੜੇ ਅਤੇ ਬਿਸਤਰਾ

ੲ) ਮਰੀਜ਼ ਦੇ ਵੱਖ ਬਰਤਨ ਸ) ਉਪਰੋਕਤ ਸਾਰੇ

65. ਬੱਚਿਆਂ ਨੂੰ ਅਧਿਆਪਕ ਨੇ ਕਹਾਣੀ ਕਿੱਥੋਂ ਪੜ੍ਹ ਕੇ ਸੁਣਾਈ ?

ੳ) ਬਾਲ ਰਸਾਲੇ ਤੋਂ ਅ) ਪ੍ਰਾਇਮਰੀ ਸਿੱਖਿਆ ਮੈਗਜ਼ੀਨ ਤੋਂ

ੲ) ਆਲ਼ੇ- ਭੋਲ਼ੇ ਮੈਗਜ਼ੀਨ ਤੋਂ ਸ) ਨਿੱਕੀਆਂ ਕਰੂੰਬਲਾਂ ਮੈਗਜ਼ੀਨ ਤੋਂ

66. ਹਰ ਮਨੁੱਖ ਦੀ ਜ਼ਿੰਦਗੀ ਵਿੱਚ ............ ਆਉਂਦੀਆਂ ਹਨ।

ੳ) ਹਵਾਈ ਜਹਾਜ਼ ਦੀਆਂ ਸੈਰਾਂ ਅ) ਫੈਰੀ ਦੀਆਂ ਸੈਰਾਂ

ੲ) ਉਲਝਣਾਂ                                   ਸ) ਉਪਰੋਕਤ ਸਾਰੇ

67. ਜੇਕਰ ਪ੍ਰੀਖਿਆ ਭਵਨ ਵਿੱਚ ਤੁਹਾਨੂੰ ਪਤਾ ਲੱਗੇ ਕਿ ਤੁਸੀਂ ਪੈੱਨ/ਪੈਂਸਲ ਘਰ ਭੱਲ ਗਏ ਹੋ; ਤਾਂ ਤੁਸੀਂ ਕੀ ਕਰੋਗੇ ?

ੳ) ਅਧਿਆਪਕ ਨੂੰ ਦੱਸੋਗੇ                    ਅ) ਦੋਸਤ ਤੋਂ ਮੰਗੋਗੇ।

ੲ) ਰੋਵੋਗੇ।                                 ਸ) ਚੁੱਪ-ਚਾਪ ਬੈਠੇ ਰਹੋਗੇ।

68. ਹੇਠ ਲਿਖਿਆਂ ਵਿੱਚੋਂ ਛੂਤ ਦੀ ਬਿਮਾਰੀ ਕਿਹੜੀ ਹੈ ?

ੳ) ਦਿਲ ਦੀ ਬਿਮਾਰੀ ।                        ਅ) ਕੈਂਸਰ।

ੲ) ਟੀ.ਬੀ.।                                  ਸ) ਮਧੂਮੇਹ।

69. ਜੇਕਰ ਤੁਹਾਡੀ ਸਿਹਤ ਸਕੂਲ ਵਿੱਚ ਬਿਗੜ ਜਾਵੇ ਤਾਂ ਤੁਸੀਂ ਕੀ ਕਰੋਗੇ ?

ੳ) ਚੁੱਪ-ਚਾਪ ਬੈਠ ਜਾਓਗੇ।                   ਅ) ਅਧਿਆਪਕ ਨੂੰ ਦੱਸੋਗੇ ।

ੲ) ਸਕੂਲ ਤੋਂ ਦੌੜ ਜਾਓਗੇ।                    ਸ) ਰੋਣਾ ਸ਼ੁਰੂ ਕਰ ਦੇਵੋਗੇ।

ਪ੍ਰਸ਼ਨ 2. **ਸਹੀ ਕਥਨ** ਅੱਗੇ **ਸਹੀ** (√) **ਅਤੇ ਗ਼ਲਤ ਕਥਨ** ਅੱਗੇ (×) **ਗ਼ਲਤ ਦਾ ਨਿਸ਼ਾਨ ਲਗਾਓ:**

1.ਸਫ਼ਾਈ ਨਾ ਰੱਖਣ ਨਾਲ ਦੰਦ ਖ਼ਰਾਬ ਹੋ ਜਾਂਦੇ ਹਨ ।

2.ਕੂੜਾ ਹਮੇਸ਼ਾਂ ਕੂੜੇਦਾਨ ਵਿੱਚ ਪਾਉਣਾ ਚਾਹੀਦਾ ਹੈ ।

3.ਘਰ ਦੇ ਨਾਲ ਨਾਲ ਆਲਾ -ਦੁਆਲਾ ਵੀ ਸਾਫ ਸੁਥਰਾ ਰੱਖਣਾ ਚਾਹੀਦਾ ਹੈ ।

4.ਵਿੱਦਿਆ ਇੱਕ ਅਨਮੋਲ ਗਹਿਣਾ ਹੈ ।

5.ਵੱਡੇ- ਵੱਡੇ ਕੰਮ ਭਾਈਚਾਰਕ ਸਾਂਝ ਨਾਲ ਕੀਤੇ ਜਾ ਸਕਦੇ ਹਨ ।

6.ਸਾਨੂੰ ਸਭ ਨੂੰ ਰੁੱਖ ਨਹੀਂ ਲਗਾਉਣੇ ਚਾਹੀਦੇ।

7.ਨਸ਼ੇ ਕਰਨਾ ਚੰਗੀ ਆਦਤ ਹੈ।

8.ਸਾਨੂੰ ਹਰ ਰੋਜ਼ ਨਹਾਉਣਾ ਨਹੀਂ ਚਾਹੀਦਾ ।

9.ਸਾਨੂੰ ਆਪਣਾ ਕੰਮ ਮਿਹਨਤ ਅਤੇ ਲਗਨ ਨਾਲ ਕਰਨਾ ਚਾਹੀਦਾ ਹੈ । ਪ 3

10.ਆਪਸ ਵਿੱਚ ਲੜਨਾ ਚੰਗੀ ਗੱਲ ਹੈ ।

11.ਵਾਲ ਮਹੀਨੇ ਵਿੱਚ ਇੱਕ ਵਾਰ ਧੋਣੇ ਚਾਹੀਦੇ ਹਨ ।ਪ3

12.ਪੰਜਾਬੀਆਂ ਦੀ ਮਾਂ ਬੋਲੀ ਪੰਜਾਬੀ ਹੈ ।

13.ਸਾਨੂੰ ਆਪਣੇ ਦੇਸ ਨਾਲ਼ ਪਿਆਰ ਕਰਨਾ ਚਾਹੀਦਾ ਹੈ। ਪ4

14.ਸਾਨੂੰ ਦੇਸ਼ ਭਗਤਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ।

15.ਅਸੀਂ ਪੰਜਾਬ ਰਾਜ ਦੇ ਵਾਸੀ ਹਾਂ ।

16.ਮੋਮਜਾਮੇ ਦੇ ਲਿਫ਼ਾਫ਼ੇ ਪਾਣੀ ਦਾ ਨਿਕਾਸ ਰੋਕਦੇ ਹਨ ।

17.ਮੋਮਜਾਮੇ ਦੇ ਲਿਫ਼ਾਫ਼ੇ ਜਲਦੀ ਗਲ਼- ਸੜ ਜਾਂਦੇ ਹਨ।

18. ਮੋਮਜਾਮੇ ਦੇ ਲਿਫ਼ਾਫ਼ੇ ਖ਼ਤਰਨਾਕ ਹੁੰਦੇ ਹਨ ।. ਪ5

19.. ਸਭ ਮਨੁੱਖ ਬਰਾਬਰ ਹਨ । ਪ6

20.ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਪੜ੍ਹਾਈ ਵਿਚ ਮਦਦ ਕਰਨੀ ਚਾਹੀਦੀ ਹੈ ।

21.ਸਾਨੂੰ ਸਿਰਫ਼ ਘਰਦਿਆਂ ਦਾ ਹੀ ਸਹਿਯੋਗ ਕਰਨਾ ਚਾਹੀਦਾ ਹੈ।

22. ਸਭ ਨਾਲ ਸਹਿਯੋਗ ਕਰਨਾ ਚਾਹੀਦਾ ਹੈ। । ਪ7

23. ਹਰ ਉਲਝਣ ਦਾ ਕੋਈ ਨਾ ਕੋਈ ਹੱਲ ਹੁੰਦਾ ਹੈ । ਪ 9

24. ਸਾਨੂੰ ਚੰਗੀ ਮਾੜੀ ਛੋਹ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ ।

25.ਬੱਚੇ ਕਿਸੇ ਉਲਝਣ ਦਾ ਹੱਲ ਨਹੀਂ ਕਰ ਸਕਦੇ ।

26.ਬਿਮਾਰੀ ਨੂੰ ਠੀਕ ਕਰਨ ਦੇ ਇਲਾਜ ਅਤੇ ਪਰਹੇਜ਼ ਦੋਵੇਂ ਜ਼ਰੂਰੀ ਹਨ।

27.ਫ਼ਿਕਰ ਕਰਨ ਦੀ ਥਾਂ ਸਮੱਸਿਆ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਪ੍ਰਸ਼ਨ 3 **ਖਾਲੀ ਥਾਂਵਾਂ ਭਰੋ**:

1.ਸਫ਼ਾਈ ਰੱਖਣਾ ……….ਦੀ ਜ਼ਿੰਮੇਵਾਰੀ ਹੈ ।(ਸਰਕਾਰ/ਸਾਡੀ ਸਭ)

2.ਸਫ਼ਾਈ ਰੱਖਣ ਨਾਲ ਅਸੀਂ…… ਰਹਿੰਦੇ ਹਾਂ ।(ਤੰਦਰੁਸਤ/ਬਿਮਾਰ)

3. ਪਖਾਨੇ ਤੋਂ ਬਾਅਦ ਹੱਥ ਚੰਗੀ ਤਰ੍ਹਾਂ……… ਨਾਲ ਧੋਣੇ ਚਾਹੀਦੇ ਹਨ।(ਸਾਬਣ /ਮਿੱਟੀ)

4. ……….ਦੀ ਖੋਜ ਤੋਂ ਬਾਅਦ ਮਨੁੱਖ ਮਾਸ ਨੂੰ ਪਕਾ ਕੇ ਖਾਣ ਲੱਗਾ।(ਅੱਗ /ਪਾਣੀ )

5.ਕੀਟਾਣੂ ਅਕਸਰ………… ਰਾਹੀਂ ਫੈਲਦੇ ਹਨ।( ਅੱਖਾਂ) ਹੱਥਾਂ)

6.ਮੇਲੇ, ਵਿਆਹ, ਰੈਲੀ ਆਦਿ ਸਮਾਗਮ ……….. ਦਰਸਾਉਂਦੇ ਹਨ।(ਰੌਣਕ / ਭਾਈਚਾਰਕ ਸਾਂਝ )

7. ਆਪਸ ਵਿੱਚ ……… ਮਾੜੀ ਆਦਤ ਹੈ।( ਪਿਆਰ ਨਾਲ ਰਹਿਣਾ/ ਲੜਨਾ)

8.ਆਪਣੀ ਹਰ ਚੀਜ ਨੂੰ ਸਹੀ ਥਾਂ ਤੇ ਰੱਖਣਾ……….. ਨੂੰ ਦਰਸਾਉਂਦਾ ਹੈ।( ਗ਼ੈਰ ਜ਼ਿੰਮੇਵਾਰੀ/ ਜ਼ਿੰਮੇਵਾਰੀ )

9.ਸਾਨੂੰ ਹਰੇਕ ਕੰਮ ……… ਨਾਲ ਕਰਨਾ ਚਾਹੀਦਾ ਹੈ।( ਲਾਪਰਵਾਹੀ/ ਲਗਨ )

10.ਬੱਚਿਆਂ ਨੂੰ ਵੀ ……………ਹੋਣਾ ਚਾਹੀਦਾ ਹੈ ।(ਜ਼ਿੰਮੇਵਾਰ/ ਲਾਪਰਵਾਹ)

11. ਪੰਜਾਬ ਦਾ ਨਾਂ …….. ਦਰਿਆਵਾਂ ਤੋਂ ਪਿਆ ਹੈ।( ਤਿੰਨ/ ਪੰਜ)

12.ਪੰਜਾਬੀ ਭਾਸ਼ਾ ਦੀ ਲਿੱਪੀ ……. ਹੈ। (ਦੇਵਨਾਗਰੀ/ ਗੁਰਮੁਖੀ )

13.ਭੰਗੜਾ ਅਤੇ ਗਿੱਧਾ ਪੰਜਾਬ ਦੇ ……….ਹਨ । (ਲੋਕ ਨਾਚ/ ਲੋਕ ਗੀਤ)

14. ਸਬਜ਼ੀ ਲਿਆਉਣ ਲਈ ਸਾਨੂੰ ......... ਦੀ ਵਰਤੋਂ ਕਰਨੀ ਚਾਹੀਦੀ ਹੈ।( ਮੋਮਜਾਮੇ ਦੇ ਲਿਫ਼ਾਫ਼ੇ/ ਕੱਪੜੇ ਦੇ ਥੈਲੇ )

15.ਮੋਮਜਾਮੇ ਦੇ ਲਿਫ਼ਾਫ਼ਿਆਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ...... ਹੈ।( ਘਟਦੀ/ ਵਧਦੀ )

16.ਅਰੰਭ ਦਾ ਮਨੁੱਖ ....... ਵਿੱਚ ਰਹਿੰਦਾ ਸੀ ।(ਗੁਫਾ/ ਝੌਂਪੜੀ )

17.ਮਨੁੱਖ ਲੋੜ ਜੋਗਾ ਜੰਗਲ ਸਾਫ਼ ਕਰਕੇ ਉਸ ਸਾਫ਼ ਥਾਂ ........ ਕਰਨ ਲੱਗਾ ।(ਖੇਤੀ/ ਪੜ੍ਹਾਈ)

18.ਕੋਈ ਵੀ ਧੰਦਾ ਨਹੀਂ ਹੁੰਦਾ । (ਚੰਗਾ -ਮਾੜਾ/ ਚੰਗਾ)

19. ਤਰਖਾਣ ਆਪਣੇ ਕੰਮ ਲਈ ਮੁੱਖ ਤੌਰ ਤੇ .......... ਦੀ ਵਰਤੋਂ ਕਰਦਾ ਹੈ।(ਲੋਹਾ / ਲੱਕੜੀ)

20.ਆਪਣੇ ਮਾਤਾ–ਪਿਤਾ ਦਾ ......... ਕਰਨਾ ਚੰਗੀ ਆਦਤ ਹੈ ।(ਸਹਿਯੋਗ/ ਅਸਹਿਯੋਗ )

21.ਸਾਨੂੰ ਦੂਸਰਿਆਂ ਦੀ ....... ਕਰਨੀ ਚਾਹੀਦੀ ਹੈ।( ਮਦਦ/ ਬੇਇਜ਼ਤੀ )

22.ਗੱਤਕੇ ਦੀ ਖੇਡ ...............ਖੇਡ ਸਕਦੇ ਹਨ। (ਮੁੰਡੇ/ ਮੁੰਡੇ ਅਤੇ ਕੁੜੀਆਂ ਦੋਵੇਂ)

23.ਸਾਨੂੰ ........ 'ਤੇ ਭਰੋਸਾ ਨਹੀਂ ਕਰਨਾ ਚਾਹੀਦਾ।( ਘਰ ਦੇ ਮੈਂਬਰਾਂ/ ਓਪਰਿਆਂ )

24. ਜੇਕਰ ਤੁਹਾਨੂੰ ਕੋਈ ਛੋਹ ਮਾੜੀ ਲੱਗੇ ਤਾਂ ............ ( ਚੁੱਪ ਰਹੋ/ ਮਾਤਾ–ਪਿਤਾ ਨੂੰ ਦੱਸੋ)

25. ਕੋਰਨਾ ਬੀਮਾਰੀ ਤੋਂ ਬਚਣ ਲਈ.......... ਚਾਹੀਦਾ ਹੈ ।

(ਮਾਸਕ ਪਾਉਣਾ/ਰੁਮਾਲ ਰੱਖਣਾ)

26. ਹਰ ਉਲਝਣ ਨੂੰ ....... ਕਰਕੇ ਹੱਲ ਕਰਨਾ ਚਾਹੀਦਾ ਹੈ।( ਲੜਾਈ/ ਵਿਚਾਰ ਚਰਚਾ)

27. .......ਇੱਕ ਛੂਤ ਦੀ ਬਿਮਾਰੀ ਹੈ।( ਕੋਰੋਨਾ/ਦਸਤ)

ਮਿਲਾਨ ਕਰੋ


| | |
|---|---|
| ਕੋਰੋਨਾ | ਸਵੈ ਸੁਰੱਖਿਆ u8 |
| ਗਤਕਾ | ਲਾਗ ਦੀ ਬਿਮਾਰੀ |
| ਚੰਗਾ ਬੱਚਾ | ਖੇਤੀ ਦਾ ਕੰਮ ਕਰਨ ਵਾਲਾ |
| ਕਿਸਾਨ | ਸਭਦਾ ਸਹਿਯੋਗ ਕਰਨ ਵਾਲਾ |

8. ਸਹੀ ਮਿਲਾਨ ਕਰੋ:

| | ਲੋਕ ਧੰਦਾ | ਸਮੱਗਰੀ |
|---|---|---|
| ੳ | ਤਰਖਾਣਾ ਕੰਮ | ਲੱਕੜ |
| ਅ | ਲੁਹਾਰਾ ਕੰਮ | ਸੋਨਾ |
| ੲ | ਸੁਨਿਆਰ | ਚਮੜਾ |
| ਸ | ਜੁੱਤੀਆਂ ਬਣਾਉਣਾ | ਲੋਹਾ |


ਮਾਈਂਡ **ਮੈਪਿੰਗ:**

1.





2.








3.




4.


.







**5.**

s





6.







7.





**8.**

9.




**10.**




1.ਆਤਮ- ਸੁਰੱਖਿਆ ਕੀ ਹੁੰਦੀ ਹੈ ?

2 ਜਦੋਂ ਤੁਹਾਨੂੰ ਕੋਈ ਗ਼ਲਤ ਤਰੀਕੇ ਨਾਲ ਛੂਹੇ, ਤਾਂ ਤੁਸੀਂ ਕੀ ਕਰੋਗੇ?

3. ਦੋ ਸਤਰਾਂ ਵਿਚ ਆਪਣੀ ਕਿਸੇ ਇੱਕ ਉਲਝਣ ਬਾਰੇ ਲਿਖੋ।

4. ਤੁਹਾਡੇ ਦੁਆਰਾ ਕਿਸੇ ਦੀ ਵੀ ਕੀਤੀ ਗਈ ਕਿਸੇ ਇੱਕ ਮਦਦ ਬਾਰੇ ਲਿਖੋ ।

5. ਪੰਜਾਬ ਵਿੱਚ ਕਿਹੜੀਆਂ- ਕਿਹੜੀਆਂ ਫ਼ਸਲਾਂ ਹੁੰਦੀਆਂ ਹਨ?

6. ਤੁਸੀਂ ਆਪਣੇ ਮਾਤਾ- ਪਿਤਾ ਦਾ ਸਹਿਯੋਗ ਕਿਵੇਂ ਕਰਦੇ ਹੋ?

7. ਨਿਮਨ ਤਸਵੀਰ ਵਿੱਚ ਬੱਚੇ ਕੀ ਕਰ ਰਹੇ ਹਨ?



8. ਸਾਨੂੰ ਆਪਸ ਵਿੱਚ ਕਿਵੇਂ ਰਹਿਣਾ ਚਾਹੀਦਾ ਹੈ?

9. ਮੋਮਜਾਮੇ ਦੇ ਲਿਫਾਫਿਆਂ ਦੇ ਕੀ ਨੁਕਸਾਨ ਹਨ ?.

10.ਤਸਵੀਰ ਨੂੰ ਦੇਖ ਕੇ ਭਾਈਚਾਰਕ ਸਾਂਝ ਸਬੰਧੀ ਦੋ ਸਤਰਾਂ ਲਿਖੋ ।



11.ਮਨਕਰਨ ਨੂੰ ਇਹ ਸਰਟੀਫਿਕੇਟ ਮਿਲਿਆ ਹੈ ਇਸ ਸਰਟੀਫਿਕੇਟ ਤੋਂ ਮਨਕਰਨ ਬਾਰੇ ਕੀ ਪਤਾ ਲੱਗਦਾ ਹੈ ?





12.ਇਸ ਮਾਟੋ ਤੋਂ ਤੁਸੀਂ ਕੀ ਸਮਝਦੇ ਹੋ ?




13.ਨਹੁੰਆਂ ਨੂੰ ਸਮੇਂ ਸਿਰ ਕਿਉਂ ਕੱਟਣਾ ਚਾਹੀਦਾ ਹੈ ?

14.ਇਹ ਤਸਵੀਰ ਕਿਸ ਦੀ ਹੈ?ਤੁਸੀਂ ਇਨ੍ਹਾਂ ਬਾਰੇ ਕੀ ਜਾਣਦੇ ਹੋ ?



15.ਹੇਠ ਦਿੱਤੇ ਚਿੱਤਰ ਤੋਂ ਕੀ ਜਾਣਕਾਰੀ ਮਿਲਦੀ ਹੈ ?

